NEW ERA PUBLIC SCHOOL RAJBAGH

SOLVED ASSIGNMENT OF UNIT III

CLASS: 7th SESSION 2021

SUBJECT: PUNJABI Pg no 1.

# ਪਾਠ 10
## ਦਮਯੰਤੀ - 1

ਸ਼ਬਦਾਂ ਦੇ ਅਰਥ

ਬਹਾਦਰੀ = ਵੀਰਤਾ, ਸੱਤਵਾਦੀ = ਸੱਚ 'ਤੇ ਪਹਿਰਾ ਦੇਣ ਵਾਲਾ, ਸਰੋਵਰ = ਤਲਾਅ, ਟਹਿਲਣਾ = ਹੌਲੀ ਹੌਲੀ ਤੁਰਨਾ, ਚੁੰਗਲ = ਚੁੰਜ ਵਿੱਚ, ਉਪਕਾਰ = ਭਲਾਈ, ਸੁਨਹਿਰੇ = ਸੋਨੇ ਰੰਗੇ, ਸੂਰਬੀਰ = ਬਹਾਦਰ, ਪ੍ਰਤਾਪੀ = ਤੇਜੱਸਵੀ, ਸਵੰਬਰ = ਲੜਕੀ ਵੱਲੋਂ ਆਪਣੇ ਪਤੀ ਚੁਣਨ ਦੀ ਰਸਮ, ਵਰਮਾਲਾ = ਹਾਰ, ਛਲ ਕਪਟ = ਧੋਖੇ ਨਾਲ, ਵਚਨ = ਵਾਅਦਾ, ਇਕਰਾਰ, ਅਤਿਅੰਤ = ਬਹੁਤ ਜ਼ਰੂਰੀ, ਲਿਸ਼ਕਾਰ = ਲਿਸ਼ਕਾਉਣਾ

ਮੌਖਿਕ ਪ੍ਰਸ਼ਨ (ਉੱਤਰ)

1. ਨਿਸ਼ਧ ਦੇਸ਼ ਦਾ ਰਾਜਾ ਨਲ ਸੀ।
2. ਦੇਵਤਾ ਰਾਜਾ ਨਲ ਦੀ ਬਹਾਦਰੀ ਤੇ ਸੱਤਵਾਦੀ ਹੋਣ ਦੀ ਪ੍ਰਸ਼ੰਸਾ ਕਰਦੇ ਸਨ।
3. ਟਹਿਲਦੇ ਹੋਏ ਨਲ ਸਰੋਵਰ ਦੇ ਤੱਟ ਪਹੁੰਚ ਗਏ।
4. ਰਾਜਹੰਸ ਦਾ ਪੈਰ ਘਾਹ ਵਿੱਚ ਫਸ ਗਿਆ ਸੀ।
5. ਵਿਦਰਭ ਨਰੇਸ਼ ਦੀ ਪੁੱਤਰੀ ਦਾ ਨਾ ਦਮਯੰਤੀ ਸੀ।
6. ਦਮਯੰਤੀ ਨੇ ਰਾਜਾ ਨਲ ਨੂੰ ਮਨ ਹੀ ਮਨ ਆਪਣਾ ਪਤੀ

ਮੰਨ ਲਿਆ ਸੀ।

7. ਦਮਯੰਤੀ ਦੇ ਸਵੰਬਰ ਵਿੱਚ ਸਵਰਗ ਤੋਂ ਚਾਰ ਦੇਵਤੇ ਆਏ ਸਨ।

8. ਦਮਯੰਤੀ ਨੇ ਵਰਮਾਲਾ ਰਾਜਾ ਨਲ ਦੇ ਗਲੇ ਵਿੱਚ ਪਾਈ।

I. ਲਿਖਤੀ ਪ੍ਰਸ਼ਨ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ;

ੳ, ਨਲ ਨਿਸ਼ਧ ਦੇਸ਼ ਦਾ ਰਾਜਾ ਸੀ। ਦੇਵਤੇ ਵੀ ਉਸਦੀ ਬਹਾਦਰੀ ਤੇ ਸੱਚਾਈ ਹੋਣ ਦੀ ਪ੍ਰਸ਼ੰਸਾ ਕਰਦੇ ਸਨ।

ਅ, ਰਾਜਾ ਨਲ ਨੇ ਸਰੋਵਰ ਦੇ ਤਟ ਤੇ ਵੇਖਿਆ ਕਿ ਇੱਕ ਹੰਸ ਦਾ ਪੈਰ ਕਿਨਾਰੇ ਤੇ ਉੱਗੀ ਹੋਈ ਘਾਹ ਵਿੱਚ ਫਸ ਗਿਆ ਤੇ ਉਹ ਆਪਣਾ ਪੈਰ ਬਾਹਰ ਕੱਢਣ ਲਈ ਫੜਫੜਾਉਂਦਾ ਹੋਇਆ ਜਤਨ ਕਰ ਰਿਹਾ ਸੀ।

ੲ, ਰਾਜਹੰਸ ਉੱਡਦਾ-ਉੱਡਦਾ ਦਮਯੰਤੀ ਕੋਲ ਪਹੁੰਚਿਆ ਤੇ ਉਸਨੇ ਰਾਜਕੁਮਾਰੀ ਨੇ ਰਾਜਾ ਨਲ ਦੇ ਬਾਰੇ ਦੱਸਿਆ ਕਿ ਉਹ ਤੇਰੇ ਨਾਲ ਵਿਆਹ ਕਰਨਾ ਚਾਹੁੰਦਾ ਹੈ। ਇਹੋ ਜਿਹਾ ਸੁੰਦਰ ਤੇ ਗੁਣਵਾਨ ਵਿਅਕਤੀ ਤੈਨੂੰ ਸਾਰੇ ਸੰਸਾਰ ਵਿੱਚ ਨਹੀਂ ਮਿਲੇਗਾ।

ਸ, ਜਦੋਂ ਰਾਜਾ ਨਲ ਦਮਯੰਤੀ ਦੇ ਸਵੰਬਰ ਵਿੱਚ ਜਾ ਰਿਹਾ ਸੀ ਤਾਂ ਉਸ ਨੂੰ ਰਸਤੇ ਵਿੱਚ ਸਵਰਗ ਤੋਂ ਆ ਰਹੇ ਚਾਰ ਦੇਵਤਿਆਂ ਨਾਲ ਹੋਈ।

Scanned with CamScanner

੭, ਰਾਜਾ ਨਲ ਨੂੰ ਵੇਖ ਕੇ ਦੇਵਤਿਆਂ ਨੇ ਵਿਚਾਰ ਕੀਤਾ ਕਿ ਨਲ ਵਰਗੇ ਸੁੰਦਰ ਪ੍ਰਤਾਪੀ ਰਾਜੇ ਦੇ ਹੁੰਦਿਆਂ ਦਮਯੰਤੀ ਕਿਸੇ ਹੋਰ ਦੇ ਗਲ਼ੇ ਵਿਚ ਜੈਮਾਲਾ ਨਹੀਂ ਪਾਵੇਗੀ। ਇਹ ਸੋਚ ਕੇ ਦੇਵਤਿਆਂ ਨੇ ਛਲ ਕਪਟ ਦਾ ਸਹਾਰਾ ਲਿਆ।

੮, ਦਮਯੰਤੀ ਨੇ ਵੇਖਿਆ ਕਿ ਚਹੁੰਆਂ ਦੇਵਤਿਆਂ ਦੀ ਕੋਈ ਪਰਛਾਈ ਨਹੀਂ। ਉਹ ਨਾ ਤਾਂ ਅੱਖਾਂ ਝਪਕ ਰਹੇ ਸਨ ਤੇ ਉਹਨਾਂ ਦੇ ਪੈਰ ਵੀ ਧਰਤੀ ਤੋਂ ਉੱਪਰ ਉੱਠੇ ਹੋਏ ਸਨ। ਦਮਯੰਤੀ ਨੇ ਨਲ ਨੂੰ ਪਛਾਣ ਕੇ ਉਸਦੇ ਗਲ਼ੇ ਵਿਚ ਵਰ-ਮਾਲਾ ਪਾ ਦਿੱਤੀ।

੨. ਖ਼ਾਲੀ ਥਾਂਵਾਂ ਭਰੋ :

1. ਨਲ 2. ਪਾਰ 3. ਸੁੰਦਰਤਾ 4. ਪਤੀ 5. ਵਿਦਰਭ

3. ਸਹੀ ਵਾਕ ਅੱਗੇ (✓) ਅਤੇ ਗ਼ਲਤ ਵਾਕ ਅੱਗੇ (x) ਦਾ ਨਿਸ਼ਾਨ ਲਗਾਓ :

1. ✓ 2. x 3. ✓ 4. x 5. ✓
6. ✓ 7. ✓ 8. x

3. ਕਹਾਣੀ ਦੇ ਅਨੁਸਾਰ ਜੋ ਘਟਨਾ ਪਹਿਲਾਂ ਵਾਪਰੀ ਉਸ ਨੂੰ ਪਹਿਲਾਂ ਤੇ ਜੋ ਬਾਅਦ ਵਿਚ ਵਾਪਰੀ ਉਸ ਨੂੰ ਬਾਅਦ ਵਿਚ ਲਿਖੋ :

1. ਰਾਜਕੁਮਾਰੀ ਦਮਯੰਤੀ ਹੱਥ ਵਿੱਚ ਵਰਮਾਲਾ ਲਈ ਮੰਡਪ ਵਿੱਚ ਆਈ। ਉਸ ਦੀਆਂ ਨਜ਼ਰਾਂ ਨਲ ਨੂੰ ਲੱਭ ਰਹੀਆਂ ਸਨ। (5)
2. ਅਸੀਂ ਤੈਨੂੰ ਐਸਾ ਵਰਦਾਨ ਦਿਆਂਗੇ ਕਿ ਦਮਯੰਤੀ ਕੋਲ ਜਾਂਦੇ ਹੋਏ ਤੈਨੂੰ ਕੋਈ ਨਹੀਂ ਵੇਖ ਸਕੇਗਾ। (4)
3. ਦਮਯੰਤੀ ਉਸ ਵੇਲੇ ਆਪਣੀਆਂ ਸਹੇਲੀਆਂ ਨਾਲ

Scanned with CamScanner

ਹੱਸ ਖੇਡ ਰਹੀ ਸੀ । (2)
4. ਵੇਦਗਣ ਮੈਂ ਆਪਣਾ ਵਚਨ ਜ਼ਰੂਰ ਪੂਰਾ ਕਰਾਂਗਾ।(3)
5. ਵਿਦਰਭ ਨਰੇਸ਼ ਦੀ ਪੁੱਤਰੀ ਦਮਯੰਤੀ ਦੀ ਚਰਚਾ ਦੂਰ-ਦੂਰ ਤਕ ਫੈਲੀ ਹੋਈ ਸੀ । (1).

ਪਾਠ- 11.
ਨਲ ਤੇ ਦਮਯੰਤੀ -2.

ਸ਼ਬਦਾਂ ਦੇ ਅਰਥ (Already done in Book)

ਮੌਖਿਕ ਪ੍ਰਸ਼ਨ : (ਉੱਤਰ)
1. ਨਲ ਦਮਯੰਤੀ ਦੇ ਵਿਆਹ ਤੋਂ ਬਾਅਦ ਚਾਰੇ ਦੇਵਤਾ ਵਾਪਸ ਸਵਰਗ ਲੋਕ ਚਲੇ ਗਏ।
2. ਚਾਰਾਂ ਦੇਵਤਿਆਂ ਵਿੱਚ ਕਲਿ ਦੇਵਤਾ ਈਰਖਾਲੂ ਸੀ ।
3. ਨਲ ਦਮਯੰਤੀ ਦੇ ਦੋ ਪੁੱਤਰ ਹੋਏ।
4. ਕਲਿ ਰਾਜਾ ਨਲ ਦੀ ਆਤਮਾ ਵਿੱਚ ਪ੍ਰਵੇਸ਼ ਕਰ ਗਿਆ ।
5. ਰਾਜਾ ਨਲ ਨੂੰ ਛੋਟੇ ਭਰਾ ਪੁਸ਼ਕਰ ਨੇ ਜੂਆ ਖੇਡਣ ਲਈ ਸਦਾ ਭੇਜਿਆ ।
6. ਗਰੀਬ ਹੋਣ ਤੋਂ ਬਾਅਦ ਨਲ ਦਮਯੰਤੀ ਸ਼ਹਿਰ ਤੋਂ ਦੂਰ ਜੰਗਲ ਵਿੱਚ ਰਹਿਣ ਲੱਗੇ।
7. ਭਟਕਦੀ ਹੋਈ ਦਮਯੰਤੀ ਚੇਦਸ ਰਾਜ ਵਿੱਚ ਪਹੁੰਚ ਗਈ।
8. ਸੱਪ ਦੇ ਜ਼ਹਿਰ ਨਾਲ ਰਾਜਾ ਨਲ ਦਾ ਰੰਗ ਕਾਲਾ ਹੋ ਗਿਆ
9. ਅਯੁੱਧਿਆ ਪਹੁੰਚ ਕੇ ਰਾਜਾ ਨਲ ਨੇ ਆਪਣਾ ਨਾਂ ਬਾਹੁਕ ਦੱਸਿਆ ।
10. ਅਯੁੱਧਿਆ ਨਗਰੀ ਵਿੱਚ ਰਾਜਾ ਨਲ ਨੇ ਸਾਰਥੀ ਦੀ ਨੌਕਰੀ ਕਰ ਲਈ ।

Scanned with CamScanner

1. ਲਿਖਤੀ ਪ੍ਰਸ਼ਨ (ਉੱਤਰ)

ੳ, ਵਿਆਹ ਤੋਂ ਪਿੱਛੋਂ ਚਾਰਾਂ ਦੇਵਤਿਆਂ ਵਿੱਚੋਂ ਦੇਵਤਾ ਕਲਿ ਈਰਖਾਲੂ ਸੀ ਤੇ ਉਹ ਨਲ ਤੇ ਦਮਯੰਤੀ ਕੋਲੋਂ ਬਦਲਾ ਲੈਣ ਲਈ ਧਰਤੀ ਤੇ ਵਾਪਸ ਆਏ।

ਅ, ਰਾਜਾ ਨਲ ਨੇ ਪੁਸ਼ਕਰ ਨਾਲ ਜੂਆ ਖੇਡਿਆ ਤੇ ਉਹ ਆਪਣਾ ਰਾਜ-ਪਾਟ ਅਤੇ ਮਹਿਲ ਵੀ ਜੂਏ ਵਿੱਚ ਹਾਰ ਗਿਆ। ਸਭ ਕੁੱਝ ਜਿੱਤ ਲੈਣ ਤੋਂ ਬਾਅਦ ਪੁਸ਼ਕਰ ਨੇ ਨਲ ਅਤੇ ਦਮਯੰਤੀ ਨੇ ਮਹਿਲ ਵਿੱਚੋਂ ਕੱਢ ਦਿੱਤਾ ਤੇ ਇਹ ਐਲਾਨ ਕਰ ਦਿੱਤਾ ਕਿ ਜੋ ਵਿਅਕਤੀ ਇਹਨਾਂ ਨੂੰ ਭੋਜਨ ਤੇ ਰਹਿਣ ਲਈ ਥਾਂ ਦੇਵੇਗਾ ਉਹਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।

ੲ) ਸਭ ਕੁੱਝ ਜੂਏ ਵਿੱਚ ਹਾਰਨ ਤੋਂ ਰਾਜਾ ਨਲ ਦਮਯੰਤੀ ਤੇ ਉਸਦੇ ਪਰਿਵਾਰ ਜੰਗਲ ਵਿੱਚ ਸ਼ਹਿਰ ਤੋਂ ਦੂਰ ਦਮਯੰਤੀ ਦੇ ਨਾਲ ਰਹਿਣ ਲੱਗੇ। ਜੰਗਲੀ ਫ਼ਲ-ਫੁੱਲ ਅਤੇ ਕੰਦ-ਮੂਲ ਖਾ ਕੇ ਉਹ ਕੁੱਝ ਦਿਨਾਂ ਤੱਕ ਮੁਸੀਬਤ ਝੱਲਦੇ ਰਹੇ।

ਸ, ਰਾਜਾ ਨਲ ਤੇ ਦਮਯੰਤੀ ਪੁੱਤਰਾਂ ਸਮੇਤ ਆਪਣੇ ਰਾਜ ਨਿਸ਼ਧ ਵਾਪਸ ਆਏ। ਉਹਨਾਂ ਨੇ ਪੁਸ਼ਕਰ ਨੂੰ ਜੂਏ ਲਈ ਸੱਦਾ ਭੇਜਿਆ ਅਤੇ ਜਿੱਤ ਕੇ ਆਪਣਾ ਸਾਰਾ ਰਾਜ-ਪਾਟ, ਮਹਿਲ ਆਦਿ ਸਾਰਾ ਕੁੱਝ ਵਾਪਸ ਪ੍ਰਾਪਤ ਕਰ ਲਿਆ।

2. ਖ਼ਾਲੀ ਥਾਂਵਾਂ ਭਰੋ, (ਉੱਤਰ)

1. ਕਲਿ 2. ਪ੍ਰਭਾਵਸ਼ਾਲੀ 3. ਜੰਗਲ 4. ਦੁੱਖ
5. ਸਾਰੀ-ਸਾਰੀ

ਸ, ਰਾਜਾ ਨਲ ਤੋਂ ਦਮਯੰਤੀ ਦਾ ਦੁਖ ਵੇਖਿਆ ਨਹੀਂ ਸੀ ਜਾਂਦਾ। ਇੱਕ ਰਾਤ ਰਾਜਾ ਨਲ ਤੇ ਦਮਯੰਤੀ ਇੱਕ ਰੁੱਖ ਦੇ ਹੇਠਾਂ ਲੇਟੇ ਹੋਏ ਸਨ। ਨਲ ਦੇ ਮਨ ਵਿੱਚ ਵਿਚਾਰ ਉੱਠਿਆ ਕਿ ਜੇ ਮੈਂ ਦਮਯੰਤੀ ਨੂੰ ਸੁੱਤੀ ਹੋਈ ਛੱਡ ਕੇ ਚਲਾ ਜਾਵਾਂ ਤਾਂ ਉਹ ਮਜਬੂਰ ਹੋ ਕੇ ਆਪਣੇ ਪਿਤਾ ਦੇ ਘਰ ਚਲੀ ਜਾਏਗੀ। ਰਾਜਾ ਨਲ ਚੁੱਪ-ਚਾਪ ਦਮਯੰਤੀ ਨੂੰ ਸੁੱਤੀ ਹੋਈ ਛੱਡ ਕੇ ਚਲੇ ਗਏ।

3. ਸਹੀ ਵਾਕ ਅੱਗੇ (✓) ਅਤੇ ਗ਼ਲਤ ਵਾਕ ਅੱਗੇ (✗) ਦਾ ਨਿਸ਼ਾਨ ਲਗਾਓ :

1. (✓) 2. (✗) 3. (✓) 4. (✗)
5. (✓) 6. (✗) 7. (✓) 8. (✗)

4. ਕਹਾਣੀ ਅਨੁਸਾਰ ਜੋ ਪਹਿਲਾਂ ਵਾਪਰਿਆ ਪਹਿਲਾਂ ਅਤੇ ਜੋ ਬਾਅਦ ਵਿੱਚ ਵਾਪਰਿਆ ਦੇ ਕ੍ਰਮ ਅਨੁਸਾਰ ਲਿਖੋ :

1. "ਸਾਰਥੀ ! ਤੇਰਾ ਅਸਲੀ ਰੂਪ ਇਹੋ ਹੀ ਹੈ ਜਾਂ ਕੋਈ ਭੇਦ ਵਾਲੀ ਗੱਲ ਹੈ?" (3)
2. "ਬਾਹੁਕ ਤੇਰੀ ਰੱਥ ਚਲਾਉਣ ਦੀ ਤਾਕਤ ਵਿਲਾਂ ਸ਼ੁਰ ਸਲਾਹੁਣਯੋਗ ਹੈ।" (2)
3. ਦਮਯੰਤੀ ਨੂੰ ਲੱਗਾ ਕਿ ਉਸਦੇ ਤਪ ਦਾ ਫਲ ਉਸਨੂੰ ਮਿਲ ਗਿਆ ਹੈ। (4)
4. ਆਪਣੇ ਪਤੀ ਦੀ ਖੋਜ ਵਿੱਚ ਦਮਯੰਤੀ ਮਾਰੀ-ਮਾਰੀ ਫਿਰਨ ਲੱਗੀ। (1)

5. ਹੇਠ ਲਿਖੇ ਵਾਕਾਂ ਦੇ ਵਰਤਮਾਨ ਕਾਲ ਨੂੰ ਭੂਤ ਕਾਲ ਅਤੇ ਭਵਿੱਖਤ ਕਾਲ ਦੇ ਵਾਕਾਂ ਵਿੱਚ ਬਦਲੋ :

1. ਮਨੀਸ਼ ਭਾਸ਼ਣ ਦੇ ਰਿਹਾ ਹੈ। (ਵਰਤਮਾਨ ਕਾਲ)
ਮਨੀਸ਼ ਭਾਸ਼ਣ ਦੇ ਰਿਹਾ ਸੀ। (ਭੂਤ ਕਾਲ)

Scanned with CamScanner

ਮਨੀਸ਼ ਕ੍ਰਿਕਟ ਖੇਡੇਗਾ । (ਭਵਿੱਖਤ ਕਾਲ) Pg no 7.

2. ਬਾਊ ਜੀ ਅਖ਼ਬਾਰ ਪੜ੍ਹਦੇ ਹਨ। (ਵਰਤਮਾਨ ਕਾਲ)
ਬਾਊ ਜੀ ਅਖ਼ਬਾਰ ਪੜ੍ਹਦੇ ਸੀ। (ਭੂਤ ਕਾਲ)
ਬਾਊ ਜੀ ਅਖ਼ਬਾਰ ਪੜ੍ਹਨਗੇ। (ਭਵਿੱਖਤ ਕਾਲ)

3. ਬੱਚਾ ਪਤੰਗ ਉਡਾ ਰਿਹਾ ਹੈ। (ਵਰਤਮਾਨ ਕਾਲ)
ਬੱਚਾ ਪਤੰਗ ਉਡਾ ਰਿਹਾ ਸੀ। (ਭੂਤ ਕਾਲ)
ਬੱਚਾ ਪਤੰਗ ਉਡਾਏਗਾ। (ਭਵਿੱਖਤ ਕਾਲ)

ਬਹੁ-ਵਿਕਲਪੀ ਪ੍ਰਸ਼ਨ (ਉੱਤਰ). (Pg no 77)

1. ਸਫ਼ਰ ਵਿੱਚ
2. ਕੀਲ.
3. ਸੱਪ ਨੇ
4. ਸਾਰਥੀ ਦਾ.

ਬਹੁ-ਵਿਕਲਪੀ ਪ੍ਰਸ਼ਨ (ਉੱਤਰ) Pg no 69)

1. ਲਿਸ਼ਪ
2. ਪੈਰ
3. ਵਿਦੂਸ਼ਕ
4. ਸਟੇਚਰ ਮਗੀ
5. ਨਲ ਦੇ

—— o ——

ਪਾਠ 12.

ਮੈਡਮ ਕਿਊਰੀ

ਸ਼ਬਦਾਂ ਦੇ ਅਰਥ (Already done on Book).

ਮੌਖਿਕ ਪ੍ਰਸ਼ਨ (ਉੱਤਰ)

1. ਮੈਡਮ ਕਿਊਰੀ ਨੂੰ ਸਾਰੀ ਦੁਨੀਆਂ ਯਾਦ ਰੱਖੇਗੀ।
2. ਮੈਡਮ ਕਿਊਰੀ ਨੂੰ ਨੋਬਲ ਪੁਰਸਕਾਰ 1902 ਵਿੱਚ ਮਿਲਿਆ।
3. ਮੈਡਮ ਕਿਊਰੀ ਦਾ ਬਚਪਨ ਦਾ ਨਾਂ ਮਾਨਯਾ ਸੀ।
4. ਉਸ ਦੇ ਪਿਤਾ ਪ੍ਰਸਿੱਧ ਵਿਗਿਆਨੀ ਸਨ।
5. ਛੋਟੀ ਹੁੰਦੀ ਮੈਡਮ ਕਿਊਰੀ ਆਪਣੇ ਪਿਤਾ ਨੂੰ ਸਵਾਲ ਪੁੱਛਦੀ ਰਹਿੰਦੀ ਸੀ।
6. ਕਿਊਰੀ ਦੇ ਪਿਤਾ ਕੋਲ ਧਨ ਦੀ ਘਾਟ ਸੀ।
7. ਫਰਾਂਸ ਵਿੱਚ ਰਹਿੰਦਿਆਂ ਕਿਊਰੀ ਦਾ ਨਾ ਮਾਰੀਆ ਪੈ ਗਿਆ।
8. ਵਿਆਹ ਤੋਂ ਦੋ ਸਾਲ ਬਾਅਦ ਕਿਊਰੀ ਨੇ ਇੱਕ ਬੱਚੀ ਨੂੰ ਜਨਮ ਦਿੱਤਾ।
9. ਕਿਊਰੀ ਤੇ ਉਸ ਦੇ ਪਤੀ ਨੇ ਰੇਡੀਅਮ ਦੀ ਖੋਜ 190 ਵਿੱਚ ਕੀਤੀ।
10. ਉਨਾਂ ਪਤੀ-ਪਤਨੀ ਨੇ ਬਹੁਤ ਸਾਰਾ ਧਨ ਲੈ ਕੇ ਰੇਡੀਅਮ ਤੱਤਾਂ ਦੇ ਅਧਿਕਾਰ ਦੁਨੀਆ ਨੂੰ ਦਿੱਤੇ।

ਲਿਖਤੀ ਪ੍ਰਸ਼ਨ (ਉੱਤਰ)

ੳ, ਮੈਡਮ ਕਿਊਰੀ ਦਾ ਬਚਪਨ ਦਾ ਨਾਂ ਮਾਨਯਾ ਸੀ। ਉਸਦੇ ਪਿਤਾ ਪ੍ਰਸਿੱਧ ਵਿਗਿਆਨੀ ਸਨ। ਮਾਨਯਾ ਹਰ ਚੀਜ਼ ਨੂੰ ਜਾਨਣ ਦੀ ਇੱਛਾ ਰੱਖਦੀ ਸੀ। ਉਹ ਅਕਸਰ ਆਪਣੇ ਪਿਤਾ ਦੀਆਂ ਕਿਤਾਬਾਂ ਅਤੇ ਵਿਗਿਆਨਕ ਵਸਤਾਂ ਨੂੰ ਉਲਟਾ-ਪਲਟਾ ਕਰਕੇ ਵੇਖਦੀ ਅਤੇ ਆਪਣੇ ਪਿਤਾ ਨੂੰ ਕਈ ਤਰ੍ਹਾਂ ਦੇ ਪ੍ਰਸ਼ਨ ਪੁੱਛਦੀ।

ਅ, ਕਿਊਰੀ ਦੇ ਪਿਤਾ ਪ੍ਰਸਿੱਧ ਵਿਗਿਆਨੀ ਸਨ।

Scanned with CamScanner

Pg no 9.

ਉਸ ਦੇ ਸ਼ੌਕ ਨੂੰ ਦੇਖ ਕੇ ਮਾਪਿਆਂ ਨੇ ਪੜ੍ਹਨ ਲਈ ਫਰਾਂਸ ਦੇ ਸੋਰਬਨ ਵਿਸ਼ਵਵਿਦਿਆਲੇ ਭੇਜਿਆ।

੨, ਕਿਊਰੀ ਦਾ ਵਿਆਹ ਪੀਰਿਸ ਦੇ ਇੱਕ ਉੱਘੇ ਖੋਜੀ ਵਾਲੇ ਵਿਗਿਆਨੀ ਨਾਲ ਹੋਇਆ। ਉਹ ਇੱਕ ਮਹਾਨ ਵਿਗਿਆਨੀ ਸਨ।

੩, ਕਿਊਰੀ ਤੇ ਉਸ ਦੇ ਪਤੀ ਨੇ ਰਲ ਕੇ ਯੂਰੇਨੀਅਮ ਤੇ ਇੱਕ ਨਵੇਂ ਤੱਤ ਰੇਡੀਅਮ ਦੀ ਖੋਜ ਕੀਤੀ।

੪, ਉਹਨਾਂ ਦੋਵਾਂ ਪਤੀ, ਪਤਨੀ ਨੇ ਆਪਣੀ ਖੋਜ ਸਬੰਧੀ ਸਮਾਜ ਦੀ ਸੇਵਾ ਲਈ ਬਿਨਾਂ ਕੁੱਝ ਮੁੱਲ ਲਏ ਇੱਕ ਬਿਮਾਰੀ ਨੂੰ ਦਵਾਈਆਂ ਬਣਾਉਣ ਲਈ ਸਮਰਪਿਤ ਕੀਤੀ।

੨. ਖਾਲੀ ਥਾਂਵਾਂ ਭਰੋ :(ਉੱਤਰ)

1. ਰੇਡੀਅਮ 2. ਮਾਨਤਾ 3. ਵਿਗਿਆਨੀ

4. ਧਨ 5. ਕਿਤਾਬਾਂ 6. ਉਪਕਰਨਾਂ 7. ਪਿਆਰ ਕਿਊਰੀ

8. ਵਿਗਿਆਨੀ

3. ਸਹੀ ਵਾਕ ਅੱਗੇ (✓) ਅਤੇ ਗ਼ਲਤ ਵਾਕ ਅੱਗੇ (X) ਦਾ ਨਿਸ਼ਾਨ ਲਾਓ :- (ਉੱਤਰ)

1. (X) 2. (✓) 3. (X) 4. (X)

5. (X) 6. (X) 7. (X) 8. (✓)

End 7 P.



4. ੳ ਅਤੇ ਅ ਭਾਗਾਂ ਦੇ ਵਾਕਾਂ ਨੂੰ ਜੋੜ ਕੇ ਸ਼ੁੱਧ ਵਾਕ ਬਣਾ ਕੇ ਲਿਖੋ :

| ੳ | ਅ |
| --- | --- |
| 1. ਵਿਗਿਆਨ ਜਗਤ ਮੈਡਮ ਕਿਊਰੀ ਨੂੰ | ਪਰ ਵਿਚਾਰ ਕੀਤਾ । (3) |
| 2. ਫਰਵਰੀ 1902 ਵਿੱਚ ਉਸਨੂੰ | ਪਹਿਲਾ ਸਥਾਨ ਪ੍ਰਾਪਤ ਕੀਤਾ ।(4) |
| 3. ਉਸ ਨੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ | ਵਿੱਚ ਨਵੇਂ ਤੱਤ ਰੇਡੀਅਮ ਦੀ ਖੋਜ ਕੀਤੀ । (5) |
| 4. ਉਸ ਨੇ ਭੌਤਿਕ ਵਿਗਿਆਨ ਵਿੱਚ | ਨੋਬਲ ਪੁਰਸਕਾਰ ਦਿੱਤਾ ਗਿਆ। (2)) |
| 5. ਮੈਨ 1903 ਵਿੱਚ ਉਸਨੇ ਯੂਰੇਨੀਅਮ ਨੂੰ | ਸਦਾ ਯਾਦ ਰੱਖੇਗਾ । (1) |

5. ਹੇਠ ਲਿਖੇ ਵਾਕਾਂ ਦੀ ਲਿੰਗ ਬਦਲੀ ਕਰ ਕੇ ਲਿਖੋ ; (ਉੱਤਰ)

1. ਊਠਣੀ ਭਾਰ ਢੋਅ ਰਹੀ ਸੀ ।
2. ਸੇਵਿਕਾ ਸੇਵਾ ਕਰ ਰਹੀ ਸੀ ।
3. ਅਧਿਆਪਿਕਾ ਨੇ ਪਾਠ ਪੜ੍ਹਾਇਆ ।
4. ਡਾਕਟਰਨੀ ਨੇ ਟੀਕਾ ਲਾਇਆ ।
5. ਸਰਦਾਰਨੀ ਨੇ ਨੌਕਰਾਣੀ ਨੂੰ ਬੁਲਾਇਆ ।

———— o ————

Scanned with CamScanner